ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-3 ਸ਼ਾਖਾ)
ਅਧਿਸੂਚਨਾ

ਨੰ: **16/16/19-4ਸਸ3/** 1702 ਮਿਤੀ,ਚੰਡੀਗੜ੍ਹ: 07-11-2019

ਜਿਵੇਂ ਕਿ ਨਗਰ ਕੌਂਸਲ ਲੌਂਗੋਵਾਲ ਵੱਲੋ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955" (15 ਆਫ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰ: 37/6 ਮਿਤੀ; 30.6.2015 ਰਾਹੀਂ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਦੇ ਸਬੰਧ ਵਿੱਚ ਅਖਬਾਰ ਰਾਹੀਂ ਜਨਤਕ ਸੂਚਨਾ ਪ੍ਰਕਾਸ਼ਿਤ ਕਰਵਾ ਕੇ ਆਮ ਜਨਤਾ ਪਾਸੋਂ ਇਤਰਾਜ ਅਤੇ ਸੁਝਾਓ ਮੰਗੇ ਗਏ ਸਨ, ਇਤਰਾਜ ਪ੍ਰਾਪਤ ਨਾ ਹੋਣ ਕਾਰਨ ਨਗਰ ਕੌਂਸਲ ਲੌਂਗੋਵਾਲ ਵੱਲੋ ਮਤਾ ਨੰ: 71/11 ਮਿਤੀ; 12.10.2015 ਨੂੰ ਫਾਈਨਲ ਨੋਟੀਫਿਕੇਸ਼ਨ ਕਰਾਉਣ ਲਈ ਮਤਾ ਲਗਾਉਣਾ ਪ੍ਰਵਾਨ ਕੀਤਾ ਗਿਆ।

2. ਇਸ ਲਈ ਹੁਣ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955" (15 ਆਫ 1956) ਦੀ ਧਾਰਾ 7 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਘੋਸ਼ਣਾ ਕਰਦੇ ਹਨ ਕਿ ਨਗਰ ਕੌਂਸਲ ਲੌਂਗੋਵਾਲ ਦੇ ਖੇਤਰ ਵਿਖੇ ਹੇਠ ਲਿਖੀਆਂ ਵਸਤਾਂ ਦੀ ਵਿਕਰੀ ਉਤੇ ਫੀਸ (ਕਾਓ ਸੈਸ) ਲਾਗੂ ਹੋਵੇਗਾ ਜਿਸ ਦੀਆਂ ਕੁਲੈਕਟਿੰਗ ਏਜੰਸੀਆਂ ਹੇਠਾਂ ਦਿਤੇ ਟੇਬਲ ਵਿਚ ਘੋਸ਼ਿਤ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ: | ਆਈਟਮ ਦਾ ਨਾਮ | ਪ੍ਰਤੀ ਆਈਟਮ ਫੀਸ (ਕਾਓ ਸੈਸ) | ਕੁਲੈਕਟਿੰਗ ਏਜੰਸੀ ਦਾ ਨਾਮ |
|---|---|---|---|
| 1 | ਤੇਲ ਟੈਂਕਰ ਪ੍ਰਤੀ ਚੱਕਰ | 100/- ਰੁਪਏ | ਨਗਰ ਕੌਂਸਲ ਲੌਂਗੋਵਾਲ |
| 2 | ਬਿਜਲੀ ਪ੍ਰਤੀ ਯੂਨਿਟ | 2 ਪੈਸੇ | ਕਾਰਜਕਾਰੀ ਇੰਜੀਨੀਅਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਸੁਨਾਮ |
| 3 | ਸੀਮਿੰਟ ਪ੍ਰਤੀ ਬੈਗ | 01/- ਰੁਪਏ | ਨਗਰ ਕੌਂਸਲ ਲੌਂਗੋਵਾਲ |
| 4 | ਮੈਰਿਜ ਪੈਲਿਸ ਏ.ਸੀ. ਪ੍ਰਤੀ ਫੰਕਸ਼ਨ | 1000/- ਰੁਪਏ | ਨਗਰ ਕੌਂਸਲ ਲੌਂਗੋਵਾਲ |
| 5 | ਮੈਰਿਜ ਪੈਲਿਸ ਨਾਨ ਏ.ਸੀ. ਪ੍ਰਤੀ ਫੰਕਸ਼ਨ | 500/- ਰੁਪਏ | ਨਗਰ ਕੌਂਸਲ ਲੌਂਗੋਵਾਲ |
| 6 | ਫੋਰ ਵ੍ਹੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੇ | 1000/- ਰੁਪਏ | ਜਿਲਾ ਟਰਾਂਸਪੋਰਟ ਅਫਸਰ ਸੰਗਰੂਰ |
| 7 | ਦੋ ਵ੍ਹੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੇ | 200/- ਰੁਪਏ | ਜਿਲਾ ਟਰਾਂਸਪੋਰਟ ਅਫਸਰ ਸੰਗਰੂਰ |

ਨੋਟ: ਸ਼ਰਾਬ/ਬੀਅਰ ਤੇ ਕਰ ਵਿਭਾਗ ਵਲੋਂ ਲਾਇਸੰਸ ਫੀਸ ਲਗਾਈ ਗਈ ਹੈ। ਇਹ ਆਮਦਨ ਕਾਓ ਸੈਸ ਦੇ ਰੱਖ-ਰਖਾਓ ਲਈ ਵਰਤੀ ਜਾਣੀਹੈ।

ਮਿਤੀ: ਚੰਡੀਗੜ੍ਹ
5.11.2019

ਏ ਵੇਨੂੰ ਪ੍ਰਸਾਦ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ

ਪਿੱਠ ਅੰਕਣ ਨੰ: **16/16/19-4ਸਸ3/** 1703 ਮਿਤੀ,ਚੰਡੀਗੜ੍ਹ: 07-11-2019

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਐਸ.ਏ.ਐਸ. ਨਗਰ (ਮੋਹਾਲੀ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਅਸਾਧਾਰਣ ਗਜਟ ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ ਅਤੇ ਇਸ ਦੀਆਂ 10 ਕਾਪੀਆਂ ਸਰਕਾਰ ਨੂੰ ਰਿਕਾਰਡ ਲਈ ਭੇਜ ਦਿੱਤੀਆ ਜਾਣ।

ਅਧੀਨ ਸਕੱਤਰ, ਸਥਾਨਕ ਸਰਕਾਰ

ਪਿੱਠ ਅੰਕਣ ਨੰ: **16/16/19-4ਸਸ3/** ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਵਿਤੀ ਕਮਿਸ਼ਨਰ, ਕਰ ਅਤੇ ਆਬਕਾਰੀ ਵਿਭਾਗ, ਪੰਜਾਬ ਚੰਡੀਗੜ੍ਹ;
2 ਪ੍ਰਮੁੱਖ ਸਕੱਤਰ, ਟਰਾਂਸਪੋਰਟ, ਪੰਜਾਬ, ਚੰਡੀਗੜ੍ਹ;
3 ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
4 ਚੇਅਰਮੈਨ,ਪੰਜਾਬ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ;
5 ਡਿਪਟੀ ਕਮਿਸ਼ਨਰ, ਸੰਗਰੂਰ।
6 ਰੀਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਪਟਿਆਲਾ।
7 ਉਪ-ਮੰਡਲ ਮੈਜਿਸਟਰੇਟ, ਸੰਗਰੂਰ।
8 ਕਾਰਜ ਸਾਧਕ ਅਫਸਰ, ਨਗਰ ਕੌਂਸਲ, ਲੌਂਗੋਵਾਲ।
9 ਪ੍ਰੀਖਕ, ਲੋਕਲ ਫੰਡ ਅਕਾਊਂਟਸ, ਪੰਜਾਬ, ਚੰਡੀਗੜ੍ਹ
10 ਦਫਤਰ ਟਾਊਨ ਪਲੈਨਰ, ਟਾਊਨ ਪਲੈਨਿੰਗ ਵਿੰਗ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
11 ਸਹਾਇਕ ਕਮਿਸ਼ਨਰ ਕਰ ਤੇ ਆਬਕਾਰੀ, ਸੰਗਰੂਰ।
12 ਜਿਲ੍ਹਾ ਟਰਾਂਸਪੋਰਟ ਅਫਸਰ, ਸੰਗਰੂਰ।
13 ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਸੰਗਰੂਰ।

ਅਧੀਨ ਸਕੱਤਰ, ਸਥਾਨਕ ਸਰਕਾਰ